ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਵੱਲ-

1. ਸਮੂਹ ਜਿਲਾ ਸਿੱਖਿਆ ਅਫ਼ਸਰ (ਐਸਿ), ਪੰਜਾਬ।
2. ਸਮੂਹ ਬੀ.ਪੀ.ਈ.ਓਜ ।
3. ਸਮੂਹ ਸਕੂਲ ਮੁਖੀ।

ਮੀਮੋ ਨੰਬਰ – 15/55-2019 ਕੋ.ਸੈੱਲ (1)/2020273705-07

ਮਿਤੀ, ਐਸ.ਏ.ਐਸ.ਨਗਰ- 02/11/2020

ਵਿਸ਼ਾ- ਸਕੂਲ ਮੈਨੇਜਮੈਂਟ ਕਮੇਟੀਆਂ ਦੀ ਬਣਤਰ ਨੂੰ ਸਰਲ ਬਣਾਉਣ ਸਬੰਧੀ।

1.0 ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਪ੍ਰਵਾਨਗੀ ਲੈਣ ਲਈ ਮੌਜੂਦਾ ਸਮੇਂ ਜੋ ਵਿਧੀ ਅਪਣਾਈ ਜਾ ਰਹੀ ਹੈ. ਉਸ ਵਿੱਚ ਪਹਿਲਾਂ ਸਕੂਲ ਮੁਖੀ ਇਸ ਕਮੇਟੀ ਦਾ ਗਠਨ ਕਰਦਾ ਹੈ ਅਤੇ ਰਿਕਾਰਡ ਸਕੂਲ ਦੇ ਕਰਮਚਾਰੀਆਂ ਰਾਹੀਂ ਦਫ਼ਤਰਾਂ ਵਿੱਚ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਵੱਖ-2 ਪੱਧਰ ਤੇ ਅਧਿਕਾਰੀਆਂ / ਕਰਮਚਾਰੀਆਂ ਦਾ ਕੀਮਤੀ ਸਮਾਂ ਨਸ਼ਟ ਹੋ ਜਾਂਦਾ ਹੈ ਅਤੇ ਵਿਦਿਆਰਥੀਆਂ ਦੀ ਪੜਾਈ ਦਾ ਵੀ ਨੁਕਸਾਨ ਹੋ ਜਾਂਦਾ ਹੈ।

2.0 ਇਸ ਕਾਰਜਵਿਧੀ ਨੂੰ ਸਰਲ ਬਣਾਉਣ ਲਈ ਸਿੱਖਿਆ ਵਿਭਾਗ, ਪੰਜਾਬ ਵੱਲੋਂ ਆਨ-ਲਾਈਨ ਪੋਰਟਲ ਤਿਆਰ ਕੀਤਾ ਗਿਆ ਹੈ। ਸਬੰਧਤ ਸਕੂਲ ਮੁਖੀ ਵਿਭਾਗ ਦੀਆਂ ਹਦਾਇਤਾਂ ਅਧੀਨ, ਐਸ.ਐਮ.ਸੀ. ਕਮੇਟੀ ਦਾ ਗਠਨ ਕਰਕੇ ਪ੍ਰਵਾਨਗੀ ਲਈ **epunjabschool.gov.in** ਪੋਰਟਲ ਤੇ **login** ਕਰਕੇ ਆਨ-ਲਾਈਨ ਅਪਲਾਈ ਕਰਨਗੇ।

3.0 ਸਬੰਧਤ ਬੀ.ਪੀ.ਈ.ਓ. ਅਗਲੇ 24 ਕੰਮ ਵਾਲੇ ਘੰਟਿਆਂ ਦੇ ਅੰਦਰ-2 ਕੇਸ ਨੂੰ ਘੋਖ ਕੇ ਜਿਲ੍ਹਾ ਸਿੱਖਿਆ ਅਫ਼ਸਰ (ਐਸਿ) ਨੂੰ ਆਨ-ਲਾਈਨ ਆਪਣੀਆਂ ਸ਼ਿਫਾਰਿਸ਼ਾਂ ਸਹਿਤ ਕੇਸ ਅੱਗੇ ਭੇਜਣਗੇ।

4.0 ਜਿਲਾ ਸਿੱਖਿਆ ਅਫ਼ਸਰ ਦੇ ਦਫ਼ਤਰ ਦਾ ਸਬੰਧਤ ਜਿਲਾ ਮੈਨੇਜਰ, ਕੇਸ ਨੂੰ ਮੁੜ ਘੋਖੇਗਾ ਅਤੇ ਜਿਲਾ ਸਿੱਖਿਆ ਅਫ਼ਸਰ ਦੀ ਪ੍ਰਵਾਨਗੀ ਉਪਰੰਤ ਪੋਰਟਲ ਤੇ ਆਪਣੇ-ਆਪ ਸ਼ੈਕਸ਼ਨ ਤਿਆਰ ਹੋ ਜਾਵੇਗੀ ਅਤੇ ਸਬੰਧਤ ਸਕੂਲ ਮੁੱਖੀ ਨੂੰ ਅਗਲੇ 24 ਕੰਮ ਵਾਲੇ ਘੰਟਿਆਂ ਦੇ ਅੰਦਰ-2 ਭੇਜ ਦਿੱਤੀ ਜਾਵੇਗੀ।

5.0 ਇਸ ਕੇਸ ਵਿੱਚ ਲੋੜੀਂਦੀਆਂ ਗਾਈਡਲਾਈਨਜ਼ **(Guidelines)** ਨੱਥੀ ਕੀਤੀਆਂ ਜਾਂਦੀਆਂ ਹਨ।

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ ਵਿਭਾਗ

ਪਿਠ ਅੰਕਣ ਨੰਬਰ: ਉਕਤ / 2020273708

ਮਿਤੀ, ਐਸ.ਏ.ਐਸ.ਨਗਰ 02/11/2020

ਉਤਾਰਾ ਹੇਠ ਲਿਖਿਆਂ ਨੂੰ ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ-

1. ਡੀ.ਪੀ.ਆਈ (ਐਸਿ) ਪੰਜਾਬ।

ਸਕੱਤਰ ਸਕੂਲ ਸਿੱਖਿਆ ਵਿਭਾਗ

## Online Procedure for constitution of SMC Committees

1) Schools will fill detail of SMC committee members online
2) A signed copy of committee members sheet (ਮਤਾ) will also be uploaded.
3) Once submitted by School, the application will go to concerned BPEO.
4) After BPEOs recommendation, the application will go to DEO(EE)
5) If DEO(EE) approves the application, approval will be displayed in concerned school account automatically.

**1.** ਡੀ.ਪੀ.ਆਈ (ਐਸਿ) ਪੰਜਾਬ।

ਸਕੱਤਰ ਸਕੂਲ ਸਿੱਖਿਆ ਵਿਭਾਗ